# Informal Meeting of SAARC Council of Ministers (Virtual Mode)

September 24, 2020

……………………………………………………………………………………………………..

## SAARC ਮੰਤਰੀ ਮੰਡਲ ਦੀ ਗੈਰ-ਰਸਮੀ ਬੈਠਕ (ਵਰਚੁਅਲ ਮਾਧਿਅਮ)

24 ਸਤੰਬਰ, 2020

1. ਭਾਰਤੀ ਗਣਰਾਜ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ 24 ਸਤੰਬਰ, 2020 ਨੂੰ ਹੋਈ SAARC ਮੰਤਰੀ ਮੰਡਲ ਦੀ ਸਾਲਾਨਾ ਗੈਰ-ਰਸਮੀ ਬੈਠਕ ਵਿੱਚ ਸ਼ਾਮਲ ਹੋਏ। ਨੇਪਾਲ ਦੀ ਪ੍ਰਧਾਨਗੀ ਹੇਠ ਹੋਈ ਇਹ ਬੈਠਕ ਵਰਚੁਅਲ ਮਾਧਿਅਮ ਰਾਹੀਂ ਹੋਈ ਅਤੇ ਇਸ ਵਿੱਚ SAARC ਦੇ ਸਾਰੇ ਮੈਂਬਰ ਦੇਸ਼ਾਂ ਨੇ ਸ਼ਮੂਲੀਅਤ ਕੀਤੀ।

1997 ਤੋਂ ਹੁਣ ਤਕ ਹੋਈਆਂ ਗੈਰ-ਰਸਮੀ ਬੈਠਕਾਂ ਵਿੱਚ UNGA ਦੇ ਸਤਰਾਂ ਲਈ ਆਏ ਹੋਏ ਵਿਦੇਸ਼ ਮੰਤਰੀਆਂ ਦਰਮਿਆਨ SAARC ਨਾਲ ਜੁੜੇ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਦਾ ਮੌਕਾ ਮਿਲਦਾ ਹੈ।

3. ਇਸ ਬੈਠਕ ਵਿੱਚ 26 ਸਤੰਬਰ, 2019 ਨੂੰ ਨਿਊਯਾਰਕ ਵਿੱਚ ਹੋਈ SAARC ਮੰਤਰੀ ਮੰਡਲ ਦੀ ਪਿਛਲੀ ਗੈਰ-ਰਸਮੀ ਬੈਠਕ ਤੋਂ ਬਾਅਦ ਖੇਤਰੀ ਸਹਿਯੋਗ ਦੇ ਹਾਲਾਤ ਬਾਰੇ ਸੈਕਟਰੀ-ਜਨਰਲ ਤੋਂ ਰਿਪੋਰਟ ਮਿਲੀ।

4. ਬੈਠਕ ਵਿੱਚ COVID -19 ਮਹਾਂਮਾਰੀ ਦੀ ਰੋਕਥਾਮ ਲਈ ਇਸ ਖਿੱਤੇ ਵਿੱਚ ਕੀਤੇ ਗਏ ਯਤਨਾਂ ਦੀ ਸਮੀਖਿਆ ਕੀਤੀ ਗਈ। ਖਾਸ ਤੌਰ 'ਤੇ ਬੈਠਕ ਅੰਦਰ ਭਾਗੀਦਾਰਾਂ ਨੇ ਪੂਰੇ ਖਿੱਤੇ ਅੰਦਰ ਮਹਾਂਮਾਰੀ ਖਿਲਾਫ ਜੰਗ ਵਿੱਚ ਸਹਿਯੋਗੀ ਉਪਾਅ ਕਰਨ ਲਈ 15 ਮਾਰਚ, 2020 ਨੂੰ SAARC ਨੇਤਾਵਾਂ ਦੀ ਵੀਡੀਓ ਕਾਨਫਰੰਸ ਬੁਲਾਉਣ ਵਿੱਚ ਮਾਨਯੋਗ ਪ੍ਰਧਾਨ ਮੰਤਰੀ ਦੀ ਅਗਵਾਈ ਦੀ ਸ਼ਲਾਘਾ ਕੀਤੀ। ਇਸ ਵਿੱਚ SAARC COVID -19 ਐਮਰਜੈਂਸੀ ਫੰਡ ਦੀ ਸਿਰਜਣਾ ਸ਼ਾਮਲ ਹੈ, ਜਿਸ ਵਿੱਚ ਸਾਰੇ ਦੇਸ਼ਾਂ ਨੇ ਸਵੈ-ਇਛਾ ਨਾਲ ਯੋਗਦਾਨ ਦੇਣ ਦਾ ਵਚਨ ਦਿੱਤਾ ਹੈ।

5. ਆਪਣੇ ਬਿਆਨ ਵਿੱਚ ਡਾ. ਜੈਸ਼ੰਕਰ ਨੇ ਜੁੜੇ ਹੋਏ, ਏਕੀਕ੍ਰਿਤ, ਸੁਰੱਖਿਅਤ ਅਤੇ ਖੁਸ਼ਹਾਲ ਦੱਖਣੀ ਏਸ਼ੀਆ ਦੀ ਸਿਰਜਣਾ ਲਈ SAARC ਪ੍ਰਤੀ ਭਾਰਤ ਦੀ ਦ੍ਰਿੜ ਵਚਨਬੱਧਤਾ ਦੁਹਰਾਈ। ਉਨ੍ਹਾਂ ਨੇ SAARC ਆਗੂਆਂ ਦੀ ਵੀਡੀਓ ਕਾਨਫਰੰਸ ਦੇ ਫ਼ਾਲੋ ਅਪ ਦੇ ਤੌਰ 'ਤੇ ਭਾਰਤ ਦੁਆਰਾ ਚੁੱਕੇ ਗਏ ਬਹੁਤ ਸਾਰੇ ਉਪਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਕੀਤਾ, ਜਿਨ੍ਹਾਂ ਵਿੱਚ ਸਿਹਤ ਪੇਸ਼ੇਵਰਾਂ ਅਤੇ ਵਪਾਰ ਅਧਿਕਾਰੀਆਂ ਦੀ ਮੀਟਿੰਗਾਂ ਕਰਾਉਣਾ, 'COVID -19 ਇਨਫਰਮੇਸ਼ਨ ਐਕਸਚੇਂਜ ਪਲੇਟਫਾਰਮ' (COINEX) ਦੀ ਸਿਰਜਣਾ, ਵਿਦੇਸ਼ੀ ਮੁਦਰਾ ਸਵੈਪ ਸਹਾਇਤਾ ਅਤੇ ਸਾਰਕ ਫੂਡ ਬੈਂਕ ਪ੍ਰਣਾਲੀ ਸ਼ੁਰੂ ਕਰਨਾ ਸ਼ਾਮਲ ਹੈ। ਡਾ. ਜੈਸ਼ੰਕਰ ਨੇ ਦੱਸਿਆ ਕਿ SAARC COVID -19 ਐਮਰਜੈਂਸੀ ਫੰਡ ਵਿੱਚ ਭਾਰਤ ਦੇ ਯੋਗਦਾਨ ਵਜੋਂ SAARC ਦੇਸ਼ਾਂ ਲਈ 23 ਲੱਖ ਡਾਲਰ ਦੀਆਂ ਜ਼ਰੂਰੀ ਦਵਾਈਆਂ, ਖਪਤਯੋਗ ਡਾਕਟਰੀ ਸਮਾਨ, COVID ਸੁਰੱਖਿਆ ਅਤੇ ਟੈਸਟਿੰਗ ਕਿੱਟਾਂ ਅਤੇ ਹੋਰ ਉਪਕਰਣਾਂ ਦੀ ਸਪਲਾਈ ਕੀਤੀ ਗਈ ਹੈ। ਉਨ੍ਹਾਂ ਨੇ COVID -19 ਮਹਾਂਮਾਰੀ ਦਾ ਮੁਕਾਬਲਾ ਕਰਨ ਲਈ SAARC ਦੇਸ਼ਾਂ ਨੂੰ ਮਦਦ ਦੇਣ ਪ੍ਰਤੀ ਭਾਰਤ ਦੀ ਅਟੁੱਟ ਵਚਨਬੱਧਤਾ ਦੁਹਰਾਈ।

6. ਡਾ. ਜੈਸ਼ੰਕਰ ਨੇ SAARC ਮੈਂਬਰ ਦੇਸ਼ਾਂ ਨੂੰ ਅੱਤਵਾਦ ਦੇ ਕਹਿਰ ਨੂੰ ਹਰਾਉਣ ਲਈ ਸਾਂਝਾ ਸੰਕਲਪ ਲੈਣ ਲਈ ਕਿਹਾ, ਜਿਸ ਵਿੱਚ ਦਹਿਸ਼ਤ ਅਤੇ ਟਕਰਾਅ ਦੇ ਮਾਹੌਲ ਨੂੰ ਹੱਲਾ ਸ਼ੇਰੀ ਦੇਣ, ਮਦਦ ਦੇਣ ਅਤੇ ਉਤਸ਼ਾਹਤ ਕਰਨ ਵਾਲੀਆਂ ਤਾਕਤਾਂ ਵੀ ਸ਼ਾਮਲ ਹਨ, ਜੋ ਦੱਖਣੀ ਏਸ਼ਿਆ ਅੰਦਰ ਭਾਈਵਾਲੀ ਅਤੇ ਖੁਸ਼ਹਾਲੀ ਦੀ ਪ੍ਰਾਪਤੀ ਦੇ  SAARC ਦੇ ਟੀਚੇ ਦੀ ਰਾਹ ਵਿੱਚ ਅੜਚਨ ਬਣਦੀਆਂ ਹਨ।

ਨਵੀਂ ਦਿਲੀ
24 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.